**ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:)ਪੰਜਾਬ**

**ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8, ਐਸ.ਏ.ਐਸ. ਨਗਰ**

**(ਸਪੋਰਟਸ ਸ਼ਾਖਾ)**

**ਪੰਜਾਬ ਰਾਜ ਦੇ ਸਮੂਹ**

ਜਿਲ੍ਹਾ ਸਿੱਖਿਆ ਅਸਫਰ (ਸੈ:ਸਿ:),(ਐਲੀ.ਸਿ.)

ਰਾਜ ਦੇ ਸਮੂੰਹ ਸਰਕਾਰੀ ਹਾਈ, ਸੀਨੀਅਰ ਸੈਕਡਰੀ ਸਕੂਲਾਂ ਦੇ ਮੁੱਖੀ

(ਨੋਟਿਸ ਬੋਰਡ ਰਾਹੀਂ) ਅਤੇ ਈ-ਮੇਲ ਰਾਹੀਂ

ਮੀਮੋ ਨੰ:18/6-2018 ਸਪੋਰਟਸ(ਸ-1)

ਮਿਤੀ ਐਸ.ਏ.ਐਸ.ਨਗਰ:-27-09-2018

ਵਿਸ਼ਾ:- ਭਾਰਤ ਸਕਾਉਟ ਅਤੇ ਗਾਈਡਜ ਪੰਜਾਬ ਸੰਸਥਾਂ ਦੇ ਨਾਂ ਤੇ ਸਕੂਲੀ ਵਿਦਿਆਰਥੀਆਂ ਤੋਂ ਇਕੱਤਰ ਕੀਤੇ ਜਾ ਰਹੇ ਫੰਡ ਸਬੰਧੀ ।

ਵਿਭਾਗ ਦੇ ਧਿਆਨ ਵਿਚ ਆਇਆ ਹੈ ਕਿ ਕੁੱਝ ਸਕੂਲ ਮੁੱਖੀਆਂ ਵੱਲੋਂ ਬਿਨ੍ਹਾਂ ਉਚ ਅਧਿਕਾਰੀਆਂ ਦੀ ਪ੍ਰਵਾਨਗੀ ਤੋਂ ਪੰਜਾਬ ਰਾਜ ਦੇ ਸਕੂਲੀ ਵਿਦਿਆਰਥੀਆਂ ਤੋਂ ਭਾਰਤ ਸਕਾਉਟ ਅਤੇ ਗਾਈਡਜ ਪੰਜਾਬ ਜਾਂ ਕੁੱਝ ਹੋਰ ਸੰਸਥਾਵਾਂ ਦੇ ਨਾਮ ਤੇ ਫੰਡ ਇਕੱਤਰ ਕੀਤਾ ਜਾਂਦਾ ਹੈ, ਜੋ ਕਿ ਆਰ.ਟੀ.ਈ. ਐਕਟ 2009 ਵਿੱਚ ਕੀਤੇ ਗਏ ਉਪਬੰਧਾਂ ਦੀ ਸਰਾਸਰ ਉਲੰਘਣਾ ਹੈ। ਇਸ ਲਈ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਸਕੂਲੀ ਵਿਦਿਆਰਥੀ ਪਾਸੋਂ ਭਾਰਤ ਸਕਾਉਟ ਅਤੇ ਗਾਈਡਜ ਪੰਜਾਬ ਜਾਂ ਕਿਸੇ ਹੋਰ ਸੰਸਥਾਂ ਦੇ ਨਾਮ ਤੇ ਕਿਸੇ ਤਰ੍ਹਾਂ ਦਾ ਕੋਈ ਫੰਡ ਇਕੱਤਰ ਨਾਂ ਕੀਤਾ ਜਾਵੇ। ਇਨ੍ਹਾਂ ਹਦਾਇਤਾਂ ਦੀ ਉਲੰਘਣਾਂ ਕਰਨ ਵਾਲੇ ਸਕੂਲ ਮੁੱਖੀ ਵਿਰੁੱਧ ਸਖਤ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ। ਇਹ ਹਦਾਇਤਾਂ ਸਬੰਧਤਾਂ ਦੇ ਧਿਆਨ ਵਿੱਚ ਲਿਆਂਦੀਆਂ ਜਾਣ।

2. ਇਹ ਪੱਤਰ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਪੂਰਵ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

(ਅਸ਼ੋਕ ਕੁਮਾਰ)

ਸੁਪਰਡੈਂਟ ਸਪੋਰਟਸ